# First meeting of BRICS Sherpas and Sous Sherpas

February 26, 2021

## BRICS ਸ਼ੇਰਪਾਵਾਂ ਅਤੇ ਸੂਸ ਸ਼ੇਰਪਾਵਾਂ ਦੀ ਪਹਿਲੀ ਬੈਠਕ

26 ਫਰਵਰੀ, 2021

BRICS ਸ਼ੇਰਪਾਵਾਂ ਅਤੇ ਸੂਸ ਸ਼ੇਰਪਾਵਾਂ ਦੀ ਪਹਿਲੀ ਬੈਠਕ 24-26 ਫਰਵਰੀ, 2021 ਨੂੰ ਭਾਰਤ ਦੀ ਪ੍ਰਧਾਨਗੀ ਹੇਠ ਹੋਈ| ਬੈਠਕ ਦੀ ਪ੍ਰਧਾਨਗੀ ਸਕੱਤਰ CPV ਅਤੇ OIA ਸ਼੍ਰੀ ਸੰਜੇ ਭੱਟਾਚਾਰੀਆ ਅਤੇ ਵਧੀਕ ਸਕੱਤਰ, ਆਰਥਿਕ ਸੰਬੰਧ ਪੀ. ਹਰੀਸ਼ ਨੇ ਭਾਰਤ ਦੇ BRICS ਸ਼ੇਰਪਾ ਅਤੇ ਸੂਸ ਸ਼ੇਰਪਾ ਦੇ ਰੂਪ ਵਿੱਚ ਕੀਤੀ|

2021 ਵਿੱਚ ਭਾਰਤ ਨੇ ਆਪਣੀ ਪ੍ਰਧਾਨਗੀ ਲਈ ਆਪਣੀਆਂ ਤਰਜੀਹਾਂ "BRICS@15: ਲਗਾਤਾਰਤਾ, ਇਕਜੁੱਟਤਾ ਅਤੇ ਸਹਿਮਤੀ ਲਈ BRICS ਅੰਦਰਲਾ ਸਹਿਯੋਗ" ਵਿਸ਼ੇ ਤਹਿਤ ਪੇਸ਼ ਕੀਤੀਆਂ - - (i) ਬਹੁਪੱਖੀ ਪ੍ਰਣਾਲੀ ਦਾ ਸੁਧਾਰ; (ii) ਅੱਤਵਾਦ-ਰੋਧੀ ਸਹਿਯੋਗ; (iii) SDGs ਹਾਸਲ ਕਰਨ ਵਿੱਚ ਡਿਜੀਟਲ ਅਤੇ ਤਕਨੀਕੀ ਹੱਲਾਂ ਦਾ ਪ੍ਰਯੋਗ ਅਤੇ (iv) ਲੋਕ ਪੱਧਰੀ ਵਟਾਂਦਰੇ ਵਿੱਚ ਵਾਧਾ| BRICS 2021 ਦੇ ਸਮਾਗਮਾਂ ਦਾ ਕੈਲੰਡਰ ਵੀ ਪੇਸ਼ ਕੀਤਾ ਗਿਆ, ਜਿਸ ਤੋਂ ਬਾਅਦ ਵਿਚਾਰ ਵਟਾਂਦਰੇ ਅਤੇ ਫੀਡਬੈਕ ਸਤਰ ਹੋਏ|

ਭਾਰਤ ਦੇ ਵੱਖ ਵੱਖ ਮੰਤਰਾਲਿਆਂ ਨੇ ਭਾਰਤ ਦੀ ਪ੍ਰਧਾਨਗੀ ਦੌਰਾਨ ਵੱਖ ਵੱਖ ਵਿਸ਼ਿਅਕ ਖੇਤਰਾਂ ਵਿੱਚ ਭਾਰਤ ਦੀਆਂ ਵੱਖ-ਵੱਖ ਤਰਜੀਹਾਂ ਬਾਰੇ ਜਾਣਕਾਰੀ ਦਿੱਤੇ ਅਤੇ ਪੇਸ਼ਕਾਰੀਆਂ ਕੀਤੀਆਂ| ਇਨ੍ਹਾਂ ਵਿਚ BRICS ਅੱਤਵਾਦ-ਰੋਧੀ ਸਹਿਯੋਗ, ਟਿਕਾਊ ਵਿਕਾਸ ਤੇ ਜ਼ੋਰ ਦੇਣ ਸਹਿਤ ਖੇਤੀਬਾੜੀ ਅਤੇ ਡਿਜੀਟਲ ਖੇਤੀਬਾੜੀ, ਇਨੋਵੇਸ਼ਨ ਵਿੱਚ ਸਹਿਯੋਗ, ਡਿਜੀਟਲ ਸਿਹਤ ਸੰਭਾਲ, COVID -19 ਮਹਾਂਮਾਰੀ ਨਾਲ ਨਜਿੱਠਣਾ ਅਤੇ ਰਵਾਇਤੀ ਦਵਾਈਆਂ ਵਿਚ ਭਾਈਵਾਲੀ, ਆਰਥਿਕ ਰਣਨੀਤੀ ਵਿੱਚ ਭਾਈਵਾਲੀ ਅਤੇ ਵਪਾਰਕ ਏਜੰਡਾ ਸ਼ਾਮਲ ਸੀ| BRICS ਨਿਊ ਡਿਵੈਲਪਮੈਂਟ ਬੈਂਕ ਦੇ ਉਪ ਪ੍ਰਧਾਨ ਸ਼੍ਰੀ ਅਨਿਲ ਕਿਸ਼ੋਰਾ ਨੇ BRICS ਸ਼ੇਰਪਾਵਾਂ ਨੂੰ ਰੂਸ ਅਤੇ ਭਾਰਤ ਵਿੱਚ ਬੈਂਕ ਦੇ ਖੇਤਰੀ ਦਫਤਰ ਖੋਲ੍ਹਣ ਅਤੇ NDB ਦੀ ਸਦੱਸਤਾ 'ਚ ਵਾਧੇ ਸਮੇਤ ਇਸ ਸਾਲ ਅੰਦਰ ਬੈਂਕ ਦੀਆਂ ਤਰਜੀਹਾਂ ਬਾਰੇ ਜਾਣਕਾਰੀ ਦਿੱਤੀ|

BRICS ਬਿਜ਼ਨੈਸ ਕੌਂਸਿਲ, BRICS ਵੂਮੈਨ ਬਿਜ਼ਨੈਸ ਅਲਾਇੰਸ, BRICS ਅਕਾਦਮਿਕ ਫੋਰਮ, BRICS ਸਿਵਲ ਫੋਰਮ ਅਤੇ BRICS ਵਿਚਾਰਕ ਮੰਚ ਕੌਂਸਲ ਦੇ ਮੁਖੀਆਵਾਂ ਨੇ ਇਸ ਸਾਲ ਲਈ ਆਪਣਾ ਏਜੇਂਡਾ ਅਤੇ ਉਲੀਕੀਆਂ ਗਈਆਂ ਗਤੀਵਿਧੀਆਂ ਬਾਰੇ ਜਾਣਕਾਰੀ ਦਿੱਤੀ, ਤਿੰਨ ਦਿਨ ਹੋਈਆਂ ਬੈਠਕਾਂ ਦੌਰਾਨ ਸਭਿਆਚਾਰਕ ਅਤੇ ਲੋਕ ਪੱਧਰੀ ਸਾਂਝ ਕੇਂਦਰ ਬਿੰਦੂ ਰਹੇ|

BRICS ਭਾਈਵਾਲਾਂ ਨੇ ਭਾਰਤ ਦੁਆਰਾ ਆਪਣੀ ਪ੍ਰਧਾਨਗੀ ਲਈ ਚੁਣੇ ਗਏ ਵਿਸ਼ੇ ਅਤੇ ਤਰਜੀਹਾਂ ਨੂੰ ਸਮੇਂ ਸਿਰ ਅਤੇ ਪ੍ਰਸੰਗਕ ਕਹਿ ਕੇ ਇਸਦੀ ਸ਼ਲਾਘਾ ਕੀਤੀ ਅਤੇ ਭਾਰਤ ਵੱਲੋਂ ਨਵੀਆਂ ਤਜਵੀਜ਼ ਕੀਤੀਆਂ ਗਈਆਂ ਪਹਿਲਾਂ ਦੀ ਹਿਮਾਇਤ ਕੀਤੀ| BRICS ਸ਼ੇਰਪਾਵਾਂ ਨੇ ਇਸ ਵਿਚਾਰ ਵਟਾਂਦਰੇ ਬਾਰੇ ਹੋਈ ਤਰੱਕੀ ਅਤੇ ਵਿਦੇਸ਼ ਅਤੇ ਹੋਰ ਮੰਤਰੀਆਂ ਦੀਆਂ ਆਉਣ ਵਾਲੀਆਂ ਬੈਠਕਾਂ ਦੇ ਪ੍ਰੋਗਰਾਮ ਦੀ ਸਮੀਖਿਆ ਕਰਨ ਲਈ ਦੋ ਮਹੀਨਿਆਂ ਬਾਅਦ ਫਿਰ ਬੈਠਕ ਕਰਨ ਉੱਤੇ ਸਹਿਮਤੀ ਦਿੱਤੀ|

ਨਵੀਂ ਦਿੱਲੀ
26 ਫਰਵਰੀ, 2021

DISCLAIMER: This is an approximate translation. The original is available in English on MEA’s website and may be referred to as the official press release.